# ਇਕੱਠੇ ਖੇਡੋ

ਚੀਜ਼ਾਂ ਸਾਂਝੀਆ ਕਰਨਾ, ਵਾਰੀਆਂ ਲੈਣਾ, ਗੱਲਬਾਤ ਕਰਨਾ, ਦੂਜਿਆਂ ਨਾਲ ਆਰਾਮਦਾਇਕ ਮਹਿਸੂਸ ਕਰਨਾ ਅਤੇ ਦੋਸਤ ਬਣਾਉਣਾ ਸਿੱਖਣਾ ਜੀਵਨ-ਭਰ ਚੱਲਣ ਵਾਲੇ ਹੁਨਰ ਹਨ ਪਰ ਇਨਹ੍ਹਾਂ ਨੂੰ ਸਿੱਖਣ ਵਿਚ ਸਮਾਂ ਲੱਗਦਾ ਹੈ! ਤੁਸੀਂ ਇਕੱਠਿਆਂ ਖੇਡ ਕੇ, ਜਾਂ ਦੋਸਤਾਂ ਜਾਂ ਪਰਿਵਾਰ ਦੇ ਮੈਂਬਰਾਂ ਨਾਲ ਵਿਅਕਤੀਗਤ ਤੌਰ ਤੇ ਮਿਲ ਕੇ ਜਾਂ ਫੇਸਟਾਇਮ ਜਾਂ ਵੱਟਸਐਪ ਦੇ ਰਾਹੀਂ, ਆਪਣੇ ਬੱਚੇ ਨੂੰ ਇਨਹ੍ਹਾਂ ਮਹੱਤਵਪੂਰਨ ਹੁਨਰਾਂ ਸਿੱਖਣ ਦੇ ਅਭਿਆਸ ਵਿਚ ਮਦਦ ਕਰ ਸਕਦੇ ਹੋ।




**ਮੁੱਖ ਸੁਝਾਅ**
ਸਾਰੇ ਬੱਚੇ ਵਿਲੱਖਣ ਹੁੰਦੇ ਹਨ! ਕੁਝ ਬੱਚੇ ਦੂਜਿਆਂ ਨਾਲੋਂ ਜ਼ਿਆਦਾ ਜ਼ਿੰਦਾਦਿਲ ਅਤੇ ਜ਼ਿਆਦਾ ਆਤਮ ਵਿਸ਼ਵਾਸ਼ੀ ਹੁੰਦੇ ਹਨ - ਤੁਲਨਾ ਨਾ ਕਰੋ ਅਤੇ ਚਿੰਤਾ ਨਾ ਕਰੋ - ਤੁਹਾਨੂੰ ਆਪਣੇ ਬੱਚੇ ਦੇ ਮਜ਼ਬੂਤ ਪੱਖ ਦਾ ਪਤਾ ਹੈ ਇਸ ਲਈ ਉਨਹ੍ਹਾਂ ਨੂੰ ਲੋੜੀਂਦੀ ਸਹਾਇਤਾ ਅਤੇ ਉਤਸ਼ਾਹ ਦਿਓ।

**ਕੀ ਤੁਸੀਂ ਜਾਣਦੇ ਹੋ** ਕਿ ਦੂਜਿਆਂ ਨਾਲ ਖੇਡਣਾ ਸਿੱਖਣਾ ਤੁਹਾਡੇ ਬੱਚੇ ਦੇ ਵਿਅਕਤੀਗਤ, ਸਮਾਜਕ ਅਤੇ ਭਾਵਨਾਤਮਕ ਵਿਕਾਸ ਲਈ ਮਹੱਤਵਪੂਰਨ ਹੈ? ਇਹ ਉਨਹ੍ਹਾਂ ਦੀ ਇਹ ਸਿੱਖਣ ਵਿਚ ਮਦਦ ਕਰਦਾ ਹੈ ਕਿ ਲੋਕਾਂ ਕੋਲ ਉਨਹ੍ਹਾਂ ਤੋਂ ਵੱਖਰੀਆਂ ਭਾਵਨਾਵਾਂ ਅਤੇ ਵਿਚਾਰ ਹੋ ਸਕਦੇ ਹਨ।



ਬੱਚੇ ਕਈ ਵੱਖ-ਵੱਖ ਤਰੀਕਿਆਂ ਵੱਲ ਖੇਡਦੇ ਹਨ:

- ਆਪਣੇ ਆਪ ਖੇਡਣਾ
- ਦੂਜੇ ਬੱਚਿਆਂ ਨੂੰ ਖੇਡਦਿਆਂ ਦੇਖਣਾ
- ਦੂਜਿਆਂ ਦੇ ਨਾਲ-ਨਾਲ ਖੇਡਣਾ; ਓਹੀ ਗਤੀਵਿਧੀ ਕਰਨਾ ਪਰ ਉਨਹ੍ਹਾਂ ਨਾਲ ਮਿਲ ਕੇ ਨਾ ਖੇਡਣਾ
- ਦੂਜੇ ਜੋ ਖੇਡ ਰਹੇ ਹਨ ਉਸ ਵਿਚ ਜ਼ਿਆਦਾ ਦਿਲਚਸਪ ਹੋਣਾ ਅਤੇ ਇਕੱਠਿਆਂ ਗੱਲ ਕਰਨੀ ਸ਼ੁਰੂ ਕਰਨਾ
- ਇਕੱਠਿਆਂ ਖੇਡਣਾ, ਆਮ ਤੌਰ ਤੇ ਛੋਟੇ ਸਮੂਹ ਵਿਚ



**ਮੁੱਖ ਸੁਝਾਅ**
ਜਦੋਂ ਉਹ ਆਪਣੇ ਖੁਦ ਦੇ ਦੋਸਤ ਬਣਾਉਣੇ ਸ਼ੁਰੂ ਕਰਦਾ ਹੈ, ਆਪਣੇ ਬੱਚੇ ਨੂੰ ਉਨਹ੍ਹਾਂ ਦਾ ਆਤਮ ਵਿਸ਼ਵਾਸ਼ ਬਣਾਉਣ ਲਈ ਉਤਸ਼ਾਹਤ ਕਰੋ ਅਤੇ ਭਰੋਸਾ ਦਿਓ।